# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ

## ਅਮਲਾ-4 ਸ਼ਾਖਾ

ਹੁਕਮ ਨੰ.: 19/23-2016 ਅ-2(1) ਅ-4(5)

ਮਿਤੀ : ਐਸ.ਏ.ਐਸ. ਨਗਰ ; 07.11.2017

ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਇਸ ਦਫਤਰ ਦੇ ਹੁਕਮ ਨੰ. 19/23-16ਅ2(4)ਅ4(5) ਮਿਤੀ 01.09.2017 ਰਾਹੀਂ ਗਠਿਤ ਕੀਤੀ ਗਈ ਸਕਰੀਨਿੰਗ ਕਮੇਟੀ ਦੀ ਸਿਫਾਰਿਸ਼ ਅਨੁਸਾਰ ਹੇਠ ਲਿਖੇ ਜੇ.ਬੀ.ਟੀ./ਈ.ਟੀ.ਟੀ. ਅਧਿਆਪਕ/ਅਧਿਆਪਕਾਵਾਂ ਨੂੰ ਬਤੌਰ ਖੇਤੀਬਾੜੀ ਮਾਸਟਰ/ਮਿਸਟ੍ਰੈਸ ਪੇ ਬੈਂਡ ਰੁਪਏ 10300-34800 (ਗ੍ਰੇਡ ਪੇ ਰੁਪਏ 5000) ਦੇ ਗ੍ਰੇਡ ਵਿੱਚ ਆਰਜੀ ਤੌਰ ਤੇ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਪਦ-ਉੱਨਤ ਕੀਤਾ ਗਿਆ ਸੀ। ਇਨ੍ਹਾਂ ਕਰਮਚਾਰੀਆਂ ਨੂੰ ਮਿਤੀ 07.11.2011 ਨੂੰ ਮੁੱਖ ਦਫਤਰ ਵਿਖੇ ਸਟੇਸ਼ਨ ਚੋਣ ਕਰਵਾਉਣ ਉਪਰੰਤ ਹੇਠ ਲਿਖੇ ਅਨੁਸਾਰ ਸਟੇਸ਼ਨ ਅਲਾਟ ਕੀਤੇ ਜਾਂਦੇ ਹਨ :

| ਲੜੀ ਨੰ. | ਕਰਮਚਾਰੀ ਦਾ ਨਾਮ (ਸਰਵ ਸ੍ਰੀ/ਸ੍ਰੀਮਤੀ) | ਤਰੱਕੀ ਤੋਂ ਪਹਿਲਾਂ | | | ਅਲਾਟ ਕੀਤਾ ਸਟੇਸ਼ਨ | ਵਿਸ਼ੇਸ਼ ਕਥਨ |
|---|---|---|---|---|---|---|
| | | ਸਕੂਲ/ਬਲਾਕ/ਜਿਲ੍ਹਾ | ਕੈਟਾਗਰੀ | ਸਿੱਖਿਆ ਵਿਭਾਗ ਵਿੱਚ ਰੈਗੂਲਰ ਤੌਰ ਤੇ ਆਉਣ ਦੀ ਮਿਤੀ | | |
| 1 | ਸੰਤੋਖ ਸਿੰਘ | ਕੰਗਣਵਾਲ/ ਅਹਿਮਦਗੜ੍ਹ/ ਸੰਗਰੂਰ | ਜਨਰਲ | 01.04.2011 | ਸਸਸਸ ਕੁਠਾਲਾ (ਸੰਗਰੂਰ) | |
| 2 | ਰਵੀ ਕੁਮਾਰ | ਧਰਾਂਗ ਵਾਲਾ/ ਅਬੋਹਰ-2/ ਫਾਜ਼ਿਲਕਾ | ਜਨਰਲ | 01.04.2011 | ਸਸਸਸ (ਮੁੰ) ਜਲਾਲਾਬਾਦ (ਫਾਜ਼ਿਲਕਾ) | |
| 3 | ਸੋਹਨ ਸਿੰਘ | ਕੇਸਰ ਸਿੰਘ ਵਾਲਾ/ ਨਥਾਣਾ/ ਬਠਿੰਡਾ | ਜਨਰਲ | 01.04.2011 | ਸਸਸਸ (ਮੁੰ) ਭਦੌੜ (ਬਰਨਾਲਾ) | |
| 4 | ਪਰਮਜੀਤ ਸਿੰਘ | ਭਾਗਸਰ (ਮੁੰ)/ ਮੁਕਤਸਰ-2/ ਸ੍ਰੀ ਮੁਕਤਸਰ ਸਾਹਿਬ | ਜਨਰਲ | 01.04.2011 | ਸਸਸਸ ਦੋਦਾ (ਸ੍ਰੀ ਮੁਕਤਸਰ ਸਾਹਿਬ) | |
| 5 | ਨਵਨੀਤ ਸਿੰਘ | ਕੋਠੇ ਚੇਤ ਸਿੰਘ/ ਬਠਿੰਡਾ/ ਬਠਿੰਡਾ | ਐਸ.ਸੀ. (ਰੋਸਟਰ ਵਿਰੁੱਧ) | 01.04.2011 | ਸਸਸਸ (ਮੁੰ) ਧਨੌਲਾ (ਬਰਨਾਲਾ) | |

ਨੋਟ :

1. ਉਪਰੋਕਤ ਅਧਿਆਪਕ/ਅਧਿਆਪਕਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਲਾਟਮੈਂਟ ਵਾਲੇ ਸਟੇਸ਼ਨਾਂ ਤੇ ਤੁਰੰਤ ਹਾਜ਼ਰੀ ਦੇਣ।
2. ਹੁਕਮ ਨੰ.: 19/23-2016 ਅ-2(1) ਅ-4(5) ਮਿਤੀ 26.10.2017 ਰਾਹੀਂ ਜਾਰੀ ਹੁਕਮਾਂ ਵਿੱਚ ਦਰਜ ਸ਼ਰਤਾਂ ਦੇ ਲੜੀ ਨੰ. 3 ਅਨੁਸਾਰ ਮਿਤੀ 14.11.2017 ਤੱਕ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ/ਕਰਮਚਾਰਨ ਨੂੰ ਦੋ ਸਾਲ ਦੇ ਸਮੇਂ ਲਈ ਉਕਤ ਨੋਟੀਫੇਕਸ਼ਨ ਦੀ ਰੋਸ਼ਨੀ ਵਿੱਚ ਡੀ-ਬਾਰ ਸਮਝਿਆ ਜਾਵੇ।
3. ਬਾਕੀ ਸ਼ਰਤਾਂ ਪਹਿਲਾਂ ਜਾਰੀ ਕੀਤੇ ਗਏ ਹੁਕਮ ਮਿਤੀ 26.10.2017 ਅਨੁਸਾਰ ਹੀ ਲਾਗੂ ਹੋਣਗੀਆਂ।

ਪਰਮਜੀਤ ਸਿੰਘ (ਪੀ.ਸੀ.ਐਸ.)
ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

ਪਿਠ ਅੰਕਣ ਨੰ.: ਉਕਤ    ਮਿਤੀ : 8-11-2017

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਐਸ.ਏ.ਐਸ. ਨਗਰ।
4. ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ।
5. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਫਾਰਗ ਕਰਨ ਤੋਂ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਪਿਛਲੇ ਪੰਜ ਸਾਲਾਂ ਦਾ ਸੇਵਾ ਰਿਕਾਰਡ ਚੈੱਕ ਕਰਨ ਅਤੇ ਰਿਕਾਰਡ ਤਸੱਲੀਬਖਸ਼ ਹੋਣਾ ਯਕੀਨੀ ਬਣਾਉਣਗੇ।
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਸਬੰਧਤ ਕਰਮਚਾਰੀ ਨੂੰ ਤਰੱਕੀ/ਸਟੇਸ਼ਨ ਅਲਾਟਮੈਂਟ ਉਪਰੰਤ ਹਾਜ਼ਰ ਕਰਾਉਣ ਤੋਂ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਸੇਵਾ ਰਿਕਾਰਡ, ਸਲਾਨਾ ਗੁਪਤ ਰਿਪੋਰਟਾਂ, ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਸਬੰਧੀ ਰਿਕਾਰਡ ਚੈੱਕ ਕਰਨਗੇ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਕਰਮਚਾਰੀਆਂ ਦੀਆਂ ਵਿਦਿਅਕ ਯੋਗਤਾਵਾਂ/ਡਿਗਰੀਆਂ ਯੂ.ਜੀ.ਸੀ./ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੀ ਹਨ। ਉਸ ਦਾ ਸੇਵਾ ਰਿਕਾਰਡ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ, ਸਗੋਂ ਇਸ ਸਬੰਧੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜਿਹੜੇ ਕਰਮਚਾਰੀ ਨਿਸ਼ਚਿਤ ਸਮੇਂ ਅੰਦਰ ਹਾਜ਼ਰ ਨਹੀਂ ਹੁੰਦੇ, ਉਨ੍ਹਾਂ ਦੀ ਸੂਚਨਾ ਤੁਰੰਤ ਡਾਇਰੈਕਟੋਰੇਟ ਨੂੰ ਭੇਜਣਗੇ। ਜਿਨ੍ਹਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਬਾਹਰਲੀ ਯੂਨੀਵਰਸਿਟੀਆਂ ਤੋਂ ਵਿਦਿਅਕ ਯੋਗਤਾਵਾਂ ਪਾਸ ਕੀਤੀਆਂ ਹਨ, ਉਨ੍ਹਾਂ ਦੀ ਵੈਰੀਫਿਕੇਸ਼ਨ ਦੀ ਸ਼ਰਤ ਲਗਾ ਕੇ ਹਾਜ਼ਰ ਕਰਵਾਇਆ ਜਾਵੇ। ਉਨ੍ਹਾਂ ਦੀਆਂ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸਬੰਧਤ ਯੂਨੀਵਰਸਿਟੀ ਤੋਂ ਵੈਰੀਫਾਈ ਕਰਵਾਏ ਜਾਣ। ਇਹ ਪ੍ਰਕਿਰਿਆ ਤਿੰਨ ਮਹੀਨੇ ਦੇ ਅੰਦਰ-ਅੰਦਰ ਪੂਰੀ ਕਰ ਲਈ ਜਾਵੇ ਅਤੇ ਇਸ ਦੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜੇਕਰ ਯੂਨੀਵਰਸਿਟੀ ਦੀ ਕੋਈ ਫੀਸ ਅਦਾ ਕਰਨੀ ਹੋਵੇ ਤਾਂ ਉਹ ਸਬੰਧਤ ਕਰਮਚਾਰੀ ਵੱਲੋਂ ਕੀਤੀ ਜਾਵੇਗੀ। ਅਸਾਮੀ ਸਰਪਲੱਸ ਹੋਣ ਦੀ ਸੂਰਤ ਵਿੱਚ ਕਰਮਚਾਰੀ ਨੂੰ ਹਾਜ਼ਰ ਨਾ ਕਰਵਾਇਆ ਜਾਵੇ।
7. ਸਬੰਧਤ ਕਰਮਚਾਰੀ/ਕਰਮਚਾਰਨ ਇਨ੍ਹਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈੱਬਸਾਈਟ www.ssapunjab.org ਤੋਂ ਪ੍ਰਾਪਤ ਕਰਨਗੇ।

ਸਹਾਇਕ ਡਾਇਰੈਕਟਰ (ਸ:ਪ੍ਰ:4)